Acclaim
Health

ਅਸੀਂ ਸਹਾਇਤਾ ਕਰਨ ਲਈ ਇੱਥੇ ਹਾਂ।

ਤੁਹਾਡਾ ਘਰ। ਸਾਡਾ ਭਾਈਚਾਰਾ।
ਅਸਾਧਾਰਨ ਦੇਖਭਾਲ।

ਸਰਲ ਸ਼ਬਦਾਂ ਵਿੱਚ, ਅਸੀਂ ਪਰਵਾਹ ਕਰਦੇ ਹਾਂ।

ਇੱਕ ਰਜਿਸਟਰਡ ਚੈਰਿਟੀ ਵਜੋਂ, ਜਦੋਂ ਤੁਸੀਂ ਐਕਲੇਮ ਹੈਲਥ (Acclaim Health) ਦੀ ਚੋਣ ਕਰਦੇ ਹੋ, ਤਾਂ ਤੁਸੀਂ ਆਪਣੀ ਕਮਿਊਨਿਟੀ ਵਿੱਚ ਨਿਵੇਸ਼ ਕਰ ਰਹੇ ਹੋ। ਸਾਡੀਆਂ ਸੇਵਾਵਾਂ ਵਿੱਚ ਸ਼ਾਮਲ ਹਨ:

- ਹੋਮ ਕੇਅਰ
- ਪ੍ਰਾਈਵੇਟ ਕੇਅਰ
- ਡਿਮੈਨਸ਼ੀਆ ਕੇਅਰ
- ਦੇਖਭਾਲ ਕਰਨ ਵਾਲੇ ਦੀ ਸਹਾਇਤਾ
- ਸਮਾਜਿਕ ਸਹਾਰੇ
- ਡਿੱਗਣ ਦੀ ਰੋਕਥਾਮ
- ਹੌਸਪਿਸ ਕੇਅਰ
- ਵੈਲਨੇਸ ਸਹਾਇਤਾ
- ਸੋਗ ਸੰਬੰਧੀ ਸਹਾਇਤਾ

ਸਾਨੂੰ ਫ਼ੋਨ ਕਰੋ।
ਅਸੀਂ ਤੁਹਾਨੂੰ ਉਹ ਸਹਾਇਤਾ ਮਹੱਈਆ ਕਰਵਾਵਾਂਗੇ ਜਿਸਦੀ ਤੁਹਾਨੂੰ ਲੋੜ ਹੈ।

1-800-387-7127
www.acclaimhealth.ca

ਹੋਮ ਕੇਅਰ

ਨਿੱਜੀ ਸਹਾਇਤਾ

ਸਾਡੇ ਪਰਸਨਲ ਸਪੋਰਟ ਵਰਕਰ ਉਹ ਸਹਾਇਤਾ ਪ੍ਰਦਾਨ ਕਰ ਸਕਦੇ ਹਨ ਜਿਹੜੀ ਤੁਹਾਨੂੰ ਅਰਾਮ ਨਾਲ ਰਹਿਣ ਲਈ ਲੋੜੀਂਦੀ ਹੈ। ਸਾਡੇ ਸਾਰੇ ਪਰਸਨਲ ਸਪੋਰਟ ਵਰਕਰ ਤੁਹਾਨੂੰ ਉੱਚਤਮ ਗੁਣਵੱਤਾ ਵਾਲੀ ਦੇਖਭਾਲ ਪ੍ਰਦਾਨ ਕਰਨ ਲਈ ਵਿਆਪਕ ਨਿਰੰਤਰ ਸਿਖਲਾਈ ਵਿੱਚੋਂ ਗੁਜ਼ਰਦੇ ਹਨ।

ਜੇ ਤੁਸੀਂ ਯੋਗਤਾ ਪੂਰੀ ਕਰਦੇ ਹੋ, ਤਾਂ ਹੈਲਥ ਕੇਅਰ ਸਿਸਟਮ ਦੁਆਰਾ ਤੁਹਾਨੂੰ ਬਿਨਾਂ ਕਿਸੇ ਲਾਗਤ ਦੇ ਨਿੱਜੀ ਸਹਾਇਤਾ ਮੁਹੱਈਆ ਕੀਤੀ ਜਾ ਸਕਦੀ ਹੈ। ਐਕਲੇਮ ਹੈਲਥ ਹਾਲਟਨ ਵਿੱਚ ਉਹਨਾਂ ਪ੍ਰਦਾਤਾਵਾਂ ਵਿੱਚੋਂ ਇੱਕ ਹੈ ਜੋ ਸਰਕਾਰੀ ਫੰਡ ਪ੍ਰਾਪਤ ਨਿੱਜੀ ਸਹਾਇਤਾ ਪ੍ਰਦਾਨ ਕਰ ਸਕਦਾ ਹੈ।

ਹੋਮ ਨਰਸਿੰਗ

ਅਸੀਂ 90 ਸਾਲਾਂ ਤੋਂ ਵੱਧ ਸਮੇਂ ਤੋਂ ਹੋਮ ਨਰਸਿੰਗ ਪ੍ਰਦਾਨ ਕਰ ਰਹੇ ਹਾਂ, ਅਤੇ ਸਾਨੂੰ ਆਪਣੇ ਭਾਈਚਾਰੇ ਵਿੱਚ ਮਿਸਾਲੀ ਦੇਖਭਾਲ ਅਤੇ ਸੇਵਾ ਦੀ ਇਸ ਪਰੰਪਰਾ ਨੂੰ ਜਾਰੀ ਰੱਖਣ 'ਤੇ ਮਾਣ ਹੈ।

ਹਮੇਸ਼ਾ ਵਾਂਗ, ਸਾਡੀਆਂ ਦੇਖਭਾਲ ਕਰਨ ਵਾਲੀਆਂ, ਦੋਸਤਾਨਾ ਅਤੇ ਗਿਆਨਵਾਨ ਨਰਸਾਂ ਉਹਨਾਂ ਦੁਆਰਾ ਮੁਹੱਈਆ ਕੀਤੀ ਜਾਣ ਵਾਲੀ ਬਹੁਤ ਹੀ ਉੱਚ-ਗੁਣਵੱਤਾ ਵਾਲੀ ਦੇਖਭਾਲ ਲਈ ਜਾਣੀਆਂ ਜਾਂਦੀਆਂ ਹਨ। ਜੇਕਰ ਤੁਸੀਂ ਯੋਗਤਾ ਪੂਰੀ ਕਰਦੇ ਹੋ, ਤਾਂ ਸਿਹਤ ਸੰਭਾਲ ਪ੍ਰਣਾਲੀ ਰਾਹੀਂ ਤੁਹਾਨੂੰ ਬਿਨਾਂ ਕਿਸੇ ਕੀਮਤ ਦੇ ਹੋਮ ਨਰਸਿੰਗ ਮੁਹੱਈਆ ਕੀਤੀ ਜਾ ਸਕਦੀ ਹੈ। ਐਕਲੇਮ ਹੈਲਥ ਹਾਲਟਨ ਵਿੱਚ ਅਜਿਹੇ ਪ੍ਰਰਦਾਤਾਵਾਂ ਵਿੱਚੋਂ ਇੱਕ ਹੈ ਜੋ ਸਰਕਾਰੀ ਫੰਡ ਪ੍ਰਾਪਤ ਨਰਸਿੰਗ ਮੁਹੱਈਆ ਕਰ ਸਕਦਾ ਹੈ।

ਨਰਸਿੰਗ ਕਲੀਨਿਕ

ਜਦੋਂ ਤੁਸੀਂ ਸਾਡੇ ਕਲੀਨਿਕਾਂ ਵਿਚੋਂ ਕਿਸੇ ਇੱਕ ਵਿੱਚ ਦੇਖਭਾਲ ਪ੍ਰਾਪਤ ਕਰਦੇ ਹੋ, ਤਾਂ ਤੁਸੀਂ ਆਲੇ-ਦੁਆਲੇ ਦੀਆਂ ਸਭ ਤੋਂ ਜ਼ਿਆਦਾ ਦੇਖਭਾਲ ਕਰਨ ਵਾਲੀਆਂ, ਦੋਸਤਾਨਾ ਅਤੇ ਗਿਆਨਵਾਨ ਨਰਸਾਂ ਨੂੰ ਮਿਲੋਗੇ।

ਕਲੀਨਿਕ ਉਹਨਾਂ ਲੋਕਾਂ ਦੀ ਦੇਖਭਾਲ ਲਈ ਤਿਆਰ ਕੀਤੇ ਗਏ ਹਨ ਜਿਨ੍ਹਾਂ ਨੂੰ ਨਰਸ ਦੀ ਮੁਹਾਰਤ ਦੀ ਲੋੜ ਹੁੰਦੀ ਹੈ ਪਰ ਫਿਰ ਵੀ ਉਹ ਸਾਡੇ ਕਲੀਨਿਕ ਵਿੱਚ ਮਿਲਣ ਜਾਣ ਲਈ ਆਪਣੇ ਘਰ ਤੋਂ ਬਾਹਰ ਜਾਣ ਦੇ ਯੋਗ ਹਨ। ਸਾਡੇ ਕਲੀਨਿਕ ਕਈ ਤਰ੍ਹਾਂ ਦੀ ਦੇਖਭਾਲ ਅਤੇ ਇਲਾਜ ਪ੍ਰਦਾਨ ਕਰਦੇ ਹਨ।

ਸਾਰੀ ਕਲੀਨਿਕ ਨਰਸਿੰਗ ਸਿਹਤ ਸੰਭਾਲ ਪ੍ਰਣਾਲੀ ਦੁਆਰਾ ਤੁਹਾਡੇ ਲਈ ਬਿਨਾਂ ਕਿਸੇ ਲਾਗਤ ਦੇ ਪ੍ਰਦਾਨ ਕੀਤੀ ਜਾਂਦੀ ਹੈ।

ਕਲੀਨਿਕ ਵਿਸ਼ੇਸ਼ ਤੌਰ 'ਤੇ ਅਕਲੇਮ ਹੈਲਥ ਦੇ ਮਰੀਜ਼ਾਂ ਲਈ ਰਾਖਵੇਂ ਹਨ ਅਤੇ ਜਨਤਾ ਲਈ ਖੁੱਲ੍ਹੇ ਨਹੀਂ ਹਨ।

> **ਇਹ ਕਲੀਨਿਕ ਓਕਵਿਲ ਦਾ ਇੱਕ ਹੀਰਾ ਹੈ ਜਿਸ ਬਾਰੇ ਬਹੁਤ ਸਾਰੇ ਲੋਕ ਨਹੀਂ ਜਾਣਦੇ। ਇਹ ਸਭ ਤੋਂ ਵਧੀਆ ਕਲੀਨਿਕ ਹੈ, ਸੰਪੂਰਨਤਾ ਨਾਲ ਚਲਾਇਆ ਜਾਂਦਾ ਹੈ ਅਤੇ ਸਾਰਾ ਸਟਾਫ ਮਿਸਾਲੀ ਨਰਸਾਂ ਹਨ।**
>
> - ਮਰੀਜ਼

GOJO
EMERGENCY

ਪ੍ਰਾਈਵੇਟ ਕੇਅਰ

ਸਾਡਾ ਪੇਸ਼ੇਵਰ ਅਤੇ ਦੇਖਭਾਲ ਕਰਨ ਵਾਲਾ ਸਟਾਫ ਤੁਹਾਡੇ ਆਪਣੇ ਘਰ ਵਿਚ ਤੁਹਾਡੇ ਪਰਿਵਾਰ ਦੇ ਮੈਂਬਰ ਦੀ ਦੇਖਭਾਲ ਲਈ ਉਪਲਬਧ ਹਨ।

ਤੁਹਾਡੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਕਈ ਤਰ੍ਹਾਂ ਦੇ ਦੇਖਭਾਲ ਪੱਧਰ ਉਪਲਬਧ ਹਨ, ਅਤੇ ਇਹਨਾਂ ਵਿੱਚ ਪੈਰਾਂ ਦੀ ਦੇਖਭਾਲ, ਸਾਥ, ਨਿੱਜੀ ਸਹਾਇਤਾ ਜਾਂ ਨਰਸਿੰਗ ਸ਼ਾਮਲ ਹੋ ਸਕਦੀ ਹੈ।

ਇਹ ਇਮਾਨਦਾਰੀ ਨਾਲ ਹੋਮ ਕੇਅਰ ਹੈ: ਅਸੀਂ ਇਹ ਵੀ ਯਕੀਨੀ ਬਣਾਵਾਂਗੇ ਕਿ ਤੁਸੀਂ ਸਰਕਾਰ ਦੁਆਰਾ ਫੰਡ ਕੀਤੀ ਗਈ ਕਮਿਊਨਿਟੀ ਕੇਅਰ ਲਈ ਆਪਣੇ ਵਿਕਲਪਾਂ ਦਾ ਅਧਿਕਤਮ ਲਾਭ ਪ੍ਰਾਪਤ ਕਰ ਰਹੇ ਹੋ ਅਤੇ ਘਰ ਦੀ ਸੁਰੱਖਿਆ ਦਾ ਮੁਲਾਂਕਣ ਪ੍ਰਦਾਨ ਕਰਾਂਗੇ।

ਆਪਣੀਆਂ ਵਿਲੱਖਣ ਜ਼ਰੂਰਤਾਂ ਬਾਰੇ ਚਰਚਾ ਕਰਨ ਲਈ, ਸਾਨੂੰ 905-827-8800 ‘ਤੇ ਕਾਲ ਕਰੋ।

ਪ੍ਰਾਈਵੇਟ ਹੋਮ ਅਤੇ ਨਿੱਜੀ ਸਹਾਇਤਾ ਦਿਨ ਦੇ 24 ਘੰਟੇ, ਹਫ਼ਤੇ ਦੇ 7 ਦਿਨ ਉਪਲਬਧ ਹੈ।

ਤੁਹਾਡੇ ਘਰ ਵਿੱਚ ਨਿੱਜੀ ਅਤੇ ਵਿਸ਼ੇਸ਼ ਨਰਸਿੰਗ (ਓਸਟੋਮੀ, ਕੌਂਟੀਨੈਂਸ, ਅਤੇ ਜ਼ਖ਼ਮ) ਦਿਨ ਦੇ 24 ਘੰਟੇ, ਹਫ਼ਤੇ ਦੇ 7 ਦਿਨ ਉਪਲਬਧ ਹੈ।

ਪ੍ਰਾਈਵੇਟ ਕੇਅਰ ਲਈ
ਸਕੈਨ ਕਰੋ

ਮੈਮੋਰੀ ਵਿਜ਼ਿਟਿੰਗ (Memory Visiting)

ਯਾਦਦਾਸ਼ਤ ਦੇ ਨੁਕਸਾਨ ਦੇ ਸ਼ੁਰੂਆਤੀ ਪੜਾਵਾਂ ਵਿਚ ਦੋਸਤੀਆਂ ਬਣਾਈ ਰੱਖਣਾ ਮੁਸ਼ਕਲ ਹੋ ਸਕਦਾ ਹੈ। ਫਿਰ ਵੀ ਸੰਚਾਰ ਦੇ ਹੁਨਰਾਂ ਨੂੰ ਬਰਕਰਾਰ ਰੱਖਣ ਅਤੇ ਖੁਸ਼ ਮਹਿਸੂਸ ਕਰਨ ਲਈ ਸਮਾਜਿਕ ਸੰਪਰਕ ਮਹੱਤਵਪੂਰਨ ਹਨ।

ਸਾਡੇ ਸ਼ਾਨਦਾਰ ਮੈਮੋਰੀ ਵਿਜ਼ਿਟਿੰਗ ਵਲੰਟੀਅਰਾਂ ਨੂੰ ਡਿਮੇਨਸ਼ੀਆ, ਸਟ੍ਰੋਕ ਜਾਂ ਸੱਟ ਕਾਰਨ ਯਾਦਦਾਸ਼ਤ ਦੇ ਵਿਕਾਰ ਦੇ ਸ਼ੁਰੂਆਤੀ ਤੋਂ ਮੱਧ-ਪੜਾਵਾਂ ਦਾ ਅਨੁਭਵ ਕਰ ਰਹੇ ਲੋਕਾਂ ਨੂੰ ਸ਼ਾਮਲ ਕਰਨ ਲਈ ਵਿਸ਼ੇਸ਼ ਤੌਰ 'ਤੇ ਸਿਖਲਾਈ ਦਿੱਤੀ ਜਾਂਦੀ ਹੈ। ਮੁਲਾਕਾਤਾਂ ਆਮਤੌਰ ਤੇ ਹਫ਼ਤੇ ਵਿਚ ਇਕ ਵਾਰ 1-2 ਘੰਟਿਆਂ ਲਈ ਹੁੰਦੀਆਂ ਹਨ।

ਪੈਟੀਜ਼ ਪਲੇਸ (Patty's Place)

ਪੈਟੀਜ਼ ਪਲੇਸ ਸੂਬੇ ਵਿੱਚ ਡਿਮੇਨਸ਼ੀਆ ਦੇਖਭਾਲ ਲਈ ਉੱਤਮਤਾ ਦਾ ਕੇਂਦਰ ਹੈ।

ਇਸ ਦੀਆਂ ਵਿਸ਼ੇਸ਼ਤਾਵਾਂ ਹਨ:

- ਜਿੰਮਜ਼ ਸਵੀਟਸ ਜਿਸ ਵਿੱਚ ਘੱਟ ਅਵਧੀ ਵਾਸਤੇ ਰਾਤ ਭਰ ਦੇ ਆਰਾਮ ਲਈ ਠਹਿਰਨ ਵਾਲੇ ਅੱਠ ਬਿਸਤਰੇ ਹਨ
- ਇੱਕ ਇਮਰਸਿਵ ਟੈਕਨਾਲੋਜੀ ਰੂਮ (ਕੈਨੇਡਾ ਵਿੱਚ ਆਪਣੀ ਕਿਸਮ ਦਾ ਪਹਿਲਾ ਕਮਰਾ ਜੋ ਖਾਸ ਤੌਰ 'ਤੇ ਡਿਮੇਨਸ਼ੀਆ ਵਾਲੇ ਲੋਕਾਂ ਲਈ ਤਿਆਰ ਕੀਤਾ ਗਿਆ ਹੈ)
- ਸੋਪਰ ਕਲੱਬ - ਡਿਮੇਨਸ਼ੀਆ ਨਾਲ ਜੀ ਰਹੇ ਲੋਕਾਂ ਲਈ ਇੱਕ ਵਿਸਤ੍ਰਿਤ ਅਡਲਟ ਡੇ ਪ੍ਰੋਗਰਾਮ
- ਵਾਲਮਲੇ ਕਲੱਬ - ਅਪਾਹਜਤਾਵਾਂ ਜਾਂ ਹਲਕੇ ਬੋਧਾਤਮਕ ਵਿਕਾਰਾਂ ਵਾਲੇ ਵਡੇਰੀ ਉਮਰ ਦੇ ਕਮਜ਼ੋਰ ਬਾਲਗਾਂ ਲਈ ਇੱਕ ਅਡਲਟ ਡੇ ਪ੍ਰੋਗਰਾਮ
- ਪਰਿਵਾਰਾਂ ਲਈ ਵਾਧੂ ਦੇਖਭਾਲ ਕਰਨ ਵਾਲੀ ਸਹਾਇਤਾ ਦੇ ਨਾਲ ਇੱਕ ਕੇਅਰਗਿਵਰ ਕੈਫੇ
- ਡਿਮੇਨਸ਼ੀਆ ਅਨੁਕੂਲ ਡਿਜ਼ਾਈਨ ਵਿੱਚ ਸਭ ਤੋਂ ਵਧੀਆ ਅਭਿਆਸ

> ਮੈਂ ਬਹੁਤ ਸ਼ੁਕਰਗੁਜ਼ਾਰ ਅਤੇ ਰਾਹਤ ਮਹਿਸੂਸ ਕਰਦਾ ਹਾਂ ਕਿ ਉਹ ਅਜਿਹੇ ਮਾਹੌਲ ਵਿੱਚ ਹੈ ਜਿੱਥੇ ਉਹ ਸੁਰੱਖਿਅਤ ਹੈ, ਆਦਰ, ਮਾਣ ਅਤੇ ਹਮਦਰਦੀ ਨਾਲ ਉਸਦੀ ਦੇਖਭਾਲ ਕੀਤੀ ਜਾ ਰਹੀ ਹੈ।

- ਕਲਾਇੰਟ ਦੀ ਦੇਖਭਾਲ ਕਰਨ ਵਾਲਾ

BASICS

ਅਡਲਟ ਡੇ ਪ੍ਰੋਗਰਾਮ

ਸਾਡੇ ਕਲੱਬ

ਡਿਮੇਨਸ਼ੀਆ, ਸਰੀਰਕ ਅਪਾਹਜਤਾਵਾਂ ਜਾਂ ਕਮਜ਼ੋਰੀਆਂ ਨਾਲ ਜੀ ਰਹੇ ਲੋਕ ਉਦੋਂ ਵਧਦੇ-ਫੁੱਲਦੇ ਹਨ ਜਦੋਂ ਉਨ੍ਹਾਂ ਦੀਆਂ ਕਾਬਲੀਅਤਾਂ ਦਾ ਸਮਰਥਨ ਕੀਤਾ ਜਾਂਦਾ ਹੈ, ਉਨ੍ਹਾਂ ਦੀਆਂ ਪ੍ਰਾਪਤੀਆਂ ਦਾ ਜਸ਼ਨ ਮਨਾਇਆ ਜਾਂਦਾ ਹੈ, ਅਤੇ ਉਨ੍ਹਾਂ ਦੇ ਜੀਵਨ ਅਨੁਭਵ ਦੀ ਕਦਰ ਕੀਤੀ ਜਾਂਦੀ ਹੈ। ਸਾਡੇ ਕਲੱਬ ਰੂਮ 217 ਫਾਊਂਡੇਸ਼ਨ ਦੇ ਨਾਲ ਗੋਲਡ ਲੈਵਲ 'ਤੇ ਮਿਊਜ਼ਿਕ ਕੇਅਰ ਸਰਟੀਫਾਈਡ ਹਨ, ਨਿਯਮਤ ਸੰਗੀਤ ਥੈਰੇਪੀ ਸੈਸ਼ਨ, ਡਿੱਗਣ ਤੋਂ ਬਚਾਅ 'ਤੇ ਕੇਂਦਰਿਤ ਵਧੇ ਹੋਏ ਕਸਰਤ ਪ੍ਰੋਗਰਾਮ ਅਤੇ ਪਾਲਤੂ ਜਾਨਵਰਾਂ ਨਾਲ ਨਿਯਮਤ ਥੈਰੇਪੀ ਕਰਦੇ ਹਨ!

ਨਵੀਨਤਾਕਾਰੀ ਪ੍ਰੋਗ੍ਰਾਮਿੰਗ ਅਤੇ ਆਜ਼ਾਦੀ ਨੂੰ ਉਤਸ਼ਾਹਤ ਕਰਨ ਵਾਲੇ ਨਿੱਘੇ, ਦੋਸਤਾਨਾ ਵਾਤਾਵਰਣ ਦੇ ਨਾਲ, ਲੋਕ ਸਾਡੇ ਅਡਲਟ ਡੇ ਪ੍ਰੋਗਰਾਮਾਂ, ਜਿਸ ਨੂੰ "ਕਲੱਬ" ਵੀ ਕਿਹਾ ਜਾਂਦਾ ਹੈ, ਵਿੱਚ ਆਉਣਾ ਪਸੰਦ ਕਰਦੇ ਹਨ। ਦੇਖਭਾਲ ਕਰਨ ਵਾਲੇ ਪਸੰਦ ਕਰਦੇ ਹਨ ਕਿ ਇਹ ਉਹਨਾਂ ਨੂੰ ਰੀਚਾਰਜ ਹੋਣ ਅਤੇ ਦੁਬਾਰਾ ਸੰਗਠਿਤ ਹੋਣ ਲਈ ਦੋਸ਼-ਮੁਕਤ ਸਮਾਂ ਦਿੰਦਾ ਹੈ।

ਸਾਡੇ ਡਿਮੇਨਸ਼ੀਆ ਸੰਬੰਧੀ ਖਾਸ ਕਲੱਬ ਮੱਧ ਤੋਂ ਦੇਰ ਦੇ ਪੜਾਵਾਂ ਵਿੱਚ ਡਿਮੇਨਸ਼ੀਆ ਨਾਲ ਰਹਿ ਰਹੇ ਕਲੱਬ ਮੈਂਬਰਾਂ ਦੀ ਸਹਾਇਤਾ ਕਰਦੇ ਹਨ।

ਸਾਡੇ ਏਕੀਕ੍ਰਿਤ ਕਲੱਬ ਉਹਨਾਂ ਕਲੱਬ ਮੈਂਬਰਾਂ ਦੀ ਸਹਾਇਤਾ ਕਰਦੇ ਹਨ ਜੋ ਕਮਜ਼ੋਰ, ਵਡੇਰੀ ਉਮਰ ਦੇ ਹਨ ਅਤੇ ਹਲਕੇ ਬੋਧਾਤਮਕ ਵਿਕਾਰਾਂ ਜਾਂ ਸਰੀਰਕ ਅਪਾਹਜਤਾਵਾਂ ਨਾਲ ਜੀਉਂਦੇ ਹਨ।।

> **ਅਜਿਹੇ ਲੋਕਾਂ ਦਾ ਹੋਣਾ ਜੋ ਇੱਕ ਵੱਡੀ ਟੀਮ ਦਾ ਹਿੱਸਾ ਹਨ ਅਤੇ ਚਾਹੁੰਦੇ ਹਨ ਕਿ ਅਸੀਂ ਤੰਦਰੁਸਤ ਅਤੇ ਸਿਹਤਮੰਦ ਰਹੀਏ, ਅਦਭੁੱਤ ਹੈ। ਅਸੀਂ ਸੱਚਮੁੱਚ ਖੁਸ਼ਕਿਸਮਤ ਮਹਿਸੂਸ ਕਰਦੇ ਹਾਂ।**
>
> - ਕਲਾਇੰਟ ਦੀ ਦੇਖਭਾਲ ਕਰਨ ਵਾਲਾ

ਅਡਲਟ ਡੇ ਪ੍ਰੋਗਰਾਮ

ਡਿਮੇਨਸ਼ੀਆ ਸੰਬੰਧੀ ਖਾਸ ਸਥਾਨ

- Burlington Club
  905-632-8168

- Soper Club @ Patty's Place (Oakville)
  905-847-9559

ਏਕੀਕ੍ਰਿਤ ਦੇਖਭਾਲ ਸਥਾਨ

- Walmley Club @ Patty's Place (Oakville)
  905-847-9559

- Mississauga Club
  905-823-9264

ਪ੍ਰਤੀ ਦਿਨ ਇੱਕ ਨਾਮਾਤਰ ਫੀਸ ਹੈ।
ਫੀਸ ਸੰਬੰਧੀ ਸਹਾਇਤਾ ਉਪਲਬਧ ਹੈ।



ਕਲੱਬ ਨੂੰ ਘਰ ਲਿਆਓ

ਤੁਸੀਂ ਸਾਨੂੰ ਸਾਡੇ ਕਲੱਬਾਂ ਵਿੱਚ ਪ੍ਰਦਾਨ ਕੀਤੀ ਜਾਣ ਵਾਲੀ ਅਸਾਧਾਰਨ ਡਿਮੈਨਸ਼ੀਆ ਦੇਖਭਾਲ ਲਈ ਜਾਣਦੇ ਹੋ। ਹੁਣ ਤੁਸੀਂ ਕਲੱਬ ਨੂੰ ਘਰ ਲਿਆ ਸਕਦੇ ਹੋ!

ਜਦੋਂ ਤੁਹਾਡਾ ਅਜ਼ੀਜ਼ ਅਡਲਟ ਡੇ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਉਡੀਕ ਸੂਚੀ ਵਿੱਚ ਹੋਵੇ ਤਾਂ ਤੁਹਾਨੂੰ ਲੋੜੀਂਦੀ ਡਿਮੈਨਸ਼ੀਆ ਦੇਖਭਾਲ ਅਤੇ ਸਹਾਇਤਾ ਪ੍ਰਾਪਤ ਕਰੋ। ਕਲੱਬ ਨੂੰ ਘਰ ਲਿਆਓ ਤੁਹਾਡੇ ਘਰ ਵਿੱਚ ਅਜਿਹੇ ਸ਼ੈਡਿਊਲ 'ਤੇ ਮੁਫ਼ਤ, ਵਿਸ਼ੇਸ਼ (ਅਤੇ ਮਜ਼ੇਦਾਰ!) ਡਿਮੈਨਸ਼ੀਆ ਦੇਖਭਾਲ ਪ੍ਰਦਾਨ ਕਰਦਾ ਹੈ ਜੋ ਤੁਹਾਡੇ ਲਈ ਕੰਮ ਕਰਦਾ ਹੈ।

ਇਸ 12-ਹਫ਼ਤੇ ਦੇ ਪ੍ਰੋਗਰਾਮ ਵਿੱਚ ਸ਼ਾਮਲ ਹਨ:

- ਸਿਖਲਾਈ ਪ੍ਰਾਪਤ ਡਿਮੈਨਸ਼ੀਆ ਦੇਖਭਾਲ ਪੇਸ਼ੇਵਰਾਂ ਦੀ ਅਗਵਾਈ ਵਿੱਚ ਹਫ਼ਤੇ ਵਿੱਚ 4 ਘੰਟੇ ਵਿਅਕਤੀਗਤ ਇਨ-ਹੋਮ ਦੇਖਭਾਲ।
- ਹਰੇਕ ਵਿਅਕਤੀ ਦੀਆਂ ਰੁਚੀਆਂ ਅਤੇ ਯੋਗਤਾਵਾਂ ਦੇ ਅਨੁਸਾਰ ਤਿਆਰ ਕੀਤੀਆਂ ਗਈਆਂ ਅਨੁਕੂਲਿਤ ਦੇਖਭਾਲ ਯੋਜਨਾਵਾਂ, ਪਰਿਵਾਰ ਨਾਲ ਮਿਲ ਕੇ ਵਿਕਸਤ ਕੀਤੀਆਂ ਗਈਆਂ।
- ਡਿਮੈਨਸ਼ੀਆ-ਅਨੁਕੂਲ ਗਤੀਵਿਧੀ ਕਿੱਟਾਂ।
- ਪਰਿਵਾਰਕ ਦੇਖਭਾਲ ਕਰਨ ਵਾਲਿਆਂ ਲਈ ਸਹਾਇਤਾ ਅਤੇ ਕੋਚਿੰਗ।
- ਸਮਾਨ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹੋਰ ਲੋਕਾਂ ਨੂੰ ਮਿਲਣ ਲਈ ਡਿਮੈਨਸ਼ੀਆ-ਅਨੁਕੂਲ ਸਮਾਜਿਕ ਸਮਾਗਮਾਂ ਦਾ ਆਯੋਜਨ।

Whatmore
Living Room
home
home

ਪ੍ਰਾਈਵੇਟ ਰੇਸਪਿਟ ਕੇਅਰ (Private Respite Care)

ਸਾਡਾ ਪੇਸ਼ੇਵਰ ਅਤੇ ਦੇਖਭਾਲ ਕਰਨ ਵਾਲਾ ਸਟਾਫ ਤੁਹਾਡੇ ਆਪਣੇ ਘਰ ਵਿੱਚ ਡਿਮੇਨਸ਼ੀਆ ਵਾਲੇ ਤੁਹਾਡੇ ਪਰਿਵਾਰਕ ਮੈਂਬਰ ਦੀ ਦੇਖਭਾਲ ਲਈ ਉਪਲਬਧ ਹੈ।

ਅਸੀਂ ਇੱਕ ਘੰਟੇ ਤੋਂ ਲੈਕੇ ਰਾਤ ਭਰ ਅਤੇ ਕਈ ਦਿਨਾਂ ਤੱਕ ਲਈ ਸਹਾਇਤਾ ਕਰ ਸਕਦੇ ਹਾਂ। ਕੀਮਤ, ਲੋੜੀਂਦੀ ਦੇਖਭਾਲ ਦੇ ਪੱਧਰ ਅਤੇ ਅਵਧੀ 'ਤੇ ਨਿਰਭਰ ਕਰਦੀ ਹੈ।

ਰਾਤ ਭਰ ਰਹਿਣ ਲਈ ਰਾਹਤ ਦੇਖਭਾਲ (Overnight Respite Care)

ਜਿੰਮਜ਼ ਸਵੀਟਸ (JIM's Suites)

ਪੈਟੀਜ਼ ਪਲੇਸ ਦੇ ਇੱਕ ਵੱਖਰੇ, ਸੁਰੱਖਿਅਤ ਭਾਗ ਵਿੱਚ ਸਥਿਤ, ਜਿੰਮਜ਼ ਸਵੀਟਸ ਡਿਮੇਨਸ਼ੀਆ ਨਾਲ ਰਹਿ ਰਹੇ ਲੋਕਾਂ ਲਈ ਦੋ ਹਫ਼ਤਿਆਂ ਤੱਕ ਦੇ ਠਹਿਰਨ ਲਈ ਉਪਲਬਧ ਹਨ।

ਵਿਸ਼ੇਸ਼ ਤੌਰ 'ਤੇ ਸਿਖਲਾਈ ਪ੍ਰਾਪਤ ਸਟਾਫ਼ ਦੀ ਸਾਡੀ ਸ਼ਾਨਦਾਰ ਟੀਮ ਤੁਹਾਡੇ ਪਰਿਵਾਰ ਦੇ ਮੈਂਬਰਾਂ ਦੇ ਠਹਿਰਨ ਦੌਰਾਨ ਉਨ੍ਹਾਂ ਦੀਆਂ ਸਾਰੀਆਂ ਜ਼ਰੂਰਤਾਂ ਦਾ ਧਿਆਨ ਰੱਖਣ ਲਈ ਨਿਰੰਤਰ ਉਪਲਬਧ ਹੈ। ਇਸ ਵਿੱਚ ਵਾਸ਼ਰੂਮ ਸਹਾਇਤਾ, ਕੱਪੜੇ ਪਾਉਣ ਅਤੇ ਨਹਾਉਣ ਵਿੱਚ ਮਦਦ, ਅਤੇ ਖਾਣੇ ਦੇ ਸਮੇਂ ਮਦਦ - ਅਤੇ ਬੇਸ਼ੱਕ, ਦਿਨ ਵੇਲੇ ਸੋਪਰ (Soper) ਕਲੱਬ ਵਿੱਚ ਜਾਣ ਦਾ ਮਜ਼ਾ ਲੈਣਾ ਸ਼ਾਮਲ ਹੈ!

ਸਟੇ ਬੁੱਕ ਕਰਨ ਲਈ
ਸਕੈਨ ਕਰੋ

ਦੇਖਭਾਲ ਕਰਨ ਵਾਲਿਆਂ ਲਈ ਸਾਧਨ

ਦੇਖਭਾਲ ਕਰਨ ਵਾਲਿਆਂ ਲਈ ਸਹਾਇਤਾ ਅਤੇ ਸਿੱਖਿਆ

ਦੇਖਭਾਲ ਕਰਨ ਵਾਲਿਆਂ ਲਈ ਸਲਾਹ ਮਸ਼ਵਰਾ

ਸਾਡੇ ਕੇਅਰਗਿਵਰ ਐਜੂਕੇਸ਼ਨ ਕੋਆਰਡੀਨੇਟਰ ਸਵਾਲਾਂ ਦੇ ਜਵਾਬ ਦੇਣ, ਦੇਖਭਾਲ ਦੀਆਂ ਰਣਨੀਤੀਆਂ ਦੇ ਸੁਝਾਅ ਦੇਣ ਅਤੇ ਵਿਅਕਤੀਗਤ ਤੌਰ 'ਤੇ, ਈਮੇਲ ਰਾਹੀਂ ਜਾਂ ਫ਼ੋਨ 'ਤੇ ਸਹਾਇਤਾ ਪ੍ਰਦਾਨ ਕਰਨ ਲਈ ਉਪਲਬਧ ਹਨ।

ਸਲਾਹ-ਮਸ਼ਵਰੇ ਲਈ ਸਕੈਨ ਕਰੋ

ਸਿੱਖਿਆ ਸੈਸ਼ਨ

ਅਸੀਂ ਤੁਹਾਨੂੰ ਸਿਖਾਉਣ ਲਈ ਕਈ ਤਰ੍ਹਾਂ ਦੇ ਕੋਰਸ ਪੇਸ਼ ਕਰਦੇ ਹਾਂ:

- ਡਿਮੇਨਸ਼ੀਆ, ਅਪੰਗਤਾ, ਬਿਮਾਰੀ ਜਾਂ ਦੇਖਭਾਲ ਦੀਆਂ ਹੋਰ ਜ਼ਰੂਰਤਾਂ ਵਾਲੇ ਵਿਅਕਤੀ ਦੀ ਦੇਖਭਾਲ ਕਿਵੇਂ ਕਰਨੀ ਹੈ। ਬਿਮਾਰੀ ਜਾਂ ਦੇਖਭਾਲ ਸੰਬੰਧੀ ਲੋੜਾਂ ਵੱਧਣ ਅਤੇ ਬਦਲਣ ਦੇ ਨਾਲ ਕੀ ਉਮੀਦ ਕੀਤੀ ਜਾਣੀ ਚਾਹੀਦੀ ਹੈ
- ਬਿਮਾਰੀ ਦੇ ਵੱਧਣ ਦੇ ਨਾਲ ਕੀ ਉਮੀਦ ਕੀਤੀ ਜਾਣੀ ਚਾਹੀਦੀ ਹੈ
- ਆਪਣੀ ਦੇਖਭਾਲ ਕਿਵੇਂ ਕਰਨੀ ਹੈ
- ਕਮਿਊਨਿਟੀ ਸਾਧਨਾਂ ਤੱਕ ਕਿਵੇਂ ਪਹੁੰਚ ਪ੍ਰਾਪਤ ਕੀਤੀ ਜਾਵੇ

ਸਪੋਰਟ ਸਮੂਹ

ਤਜਰਬੇ ਸਾਂਝੇ ਕਰਨ, ਸਾਂਝੀਆਂ ਚੁਣੌਤੀਆਂ ਦੇ ਹੱਲ ਲੱਭਣ ਅਤੇ ਕਮਿਊਨਿਟੀ ਸਾਧਨਾਂ ਬਾਰੇ ਪਤਾ ਲਗਾਉਣ ਲਈ ਆਪਣੇ ਵਰਗੀ ਦੇਖਭਾਲ ਕਰਨ ਵਾਲੀ ਭੂਮਿਕਾ ਵਾਲੇ ਹੋਰ ਦੇਖਭਾਲ ਕਰਨ ਵਾਲਿਆਂ ਨਾਲ ਮਿਲੋ। ਸਮਿਆਂ ਅਤੇ ਸਥਾਨਾਂ ਲਈ ਸਾਡੀ ਵੈੱਬਸਾਈਟ ਵੇਖੋ।

ਦੇਖਭਾਲ ਕਰਨ ਵਾਲਿਆਂ ਲਈ ਸਾਧਨ

ਸੋਸ਼ਲ ਅਤੇ ਵੈਲਨੇਸ ਦੇ ਮੌਕੇ

ਘਰ ਵਿੱਚ ਕਿਸੇ ਦੀ ਦੇਖਭਾਲ ਕਰਦੇ ਸਮੇਂ ਇੱਕ ਦੇਖਭਾਲ ਕਰਨ ਵਾਲੇ ਵਜੋਂ ਆਪਣਾ ਧਿਆਨ ਰੱਖਣਾ ਅਤੇ ਇਕੱਲਤਾ ਨੂੰ ਰੋਕਣਾ ਜ਼ਰੂਰੀ ਹੈ।

ਅਸੀਂ ਆਪਣੇ ਭਾਈਚਾਰੇ ਵਿੱਚ ਆਮ ਸਮਾਜਿਕ ਮੌਕੇ ਪ੍ਰਦਾਨ ਕਰਨ ਲਈ ਕੇਅਰਗਿਵਰ ਕੈਫੇ ਅਤੇ ਇੱਕ ਦੇਖਭਾਲ ਕਰਨ ਵਾਲੇ ਵਜੋਂ ਤੁਹਾਡੀ ਸਹਾਇਤਾ ਲਈ ਨਿਯਮਤ ਕੇਅਰਗਿਵਰ ਵੈਲਨੇਸ ਅਤੇ ਸੋਸ਼ਲ ਦਿਨ ਆਯੋਜਿਤ ਕਰਦੇ ਹਾਂ!

ਹੋਰ ਜਾਣਨ ਲਈ, ਆਪਣੇ ਨੇੜਲੇ ਸਥਾਨ 'ਤੇ ਕਾਲ ਕਰੋ ਅਤੇ ਇੱਕ ਕੇਅਰਗਿਵਰ ਐਜੂਕੇਟਰ ਨਾਲ ਗੱਲ ਕਰਨ ਲਈ ਕਹੋ।

Burlington 905-632-8168

Oakville 905-847-9559

Mississauga 905-823-9264

ਸਮਾਜਿਕ ਸਹਾਰੇ ਅਤੇ ਦੇਖਭਾਲ

ਫਰੈਂਡਲੀ ਵਿਜ਼ਿਟਿੰਗ (Friendly Visiting)

ਸਾਡੇ ਨਿੱਘੇ ਅਤੇ ਦੇਖਭਾਲ ਕਰਨ ਵਾਲੇ ਵਲੰਟੀਅਰ ਵਿਜ਼ਿਟਰ ਸਮਾਜਿਕ ਤੌਰ 'ਤੇ ਅਲੱਗ-ਥਲੱਗ ਵਡੇਰੀ ਉਮਰ ਦੇ ਬਾਲਗਾਂ ਲਈ ਸਾਥ, ਸਹਾਇਤਾ ਅਤੇ ਕਦੇ-ਕਦਾਈਂ ਬਾਹਰ ਜਾਣਾ ਪ੍ਰਦਾਨ ਕਰਦੇ ਹਨ। ਨਿਯਮਤ ਅਧਾਰ 'ਤੇ ਦੋਸਤਾਨਾ ਵਿਜ਼ਿਟਰ ਦਾ ਸਮਰਥਨ ਹੋਣਾ ਤੁਹਾਡੇ ਇਕੱਲੇ ਰਹਿਣ ਨੂੰ ਥੋੜ੍ਹਾ ਆਸਾਨ ਅਤੇ ਘੱਟ ਇਕੱਲਾ ਬਣਾ ਸਕਦਾ ਹੈ।

ਟੈਲੀ-ਟੱਚ

ਇੱਕ ਫੋਨ ਕਾਲ ਇੱਕ ਸਧਾਰਨ ਗੱਲ ਜਾਪ ਸਕਦੀ ਹੈ, ਪਰ ਸਮਾਜਿਕ ਤੌਰ 'ਤੇ ਅਲੱਗ-ਥਲੱਗ ਅਤੇ ਇਕੱਲੇ ਵਡੇਰੀ ਉਮਰ ਦੇ ਬਾਲਗਾਂ (65+) ਲਈ, ਇਹ ਆਨੰਦ, ਆਰਾਮ ਅਤੇ ਸੁਰੱਖਿਆ ਲਿਆ ਸਕਦਾ ਹੈ। ਵਲੰਟੀਅਰਾਂ ਨੂੰ ਸਾਂਝੀਆਂ ਰੁਚੀਆਂ ਦੇ ਆਧਾਰ 'ਤੇ ਕਲਾਇੰਟਾਂ ਦੇ ਨਾਲ ਮੈਚ ਕੀਤਾ ਜਾਂਦਾ ਹੈ ਅਤੇ ਉਹ ਪਹਿਲਾਂ ਤੋਂ ਨਿਯਤ ਸ਼ੈਡਿਊਲ 'ਤੇ ਕਲਾਇੰਟਾਂ ਨੂੰ ਕਾਲ ਕਰਦੇ ਹਨ।

ਸਹਾਇਤਾ ਪ੍ਰਾਪਤ ਕਰਨ ਲਈ ਸਕੈਨ ਕਰੋ

ਇਹ ਇੱਕ ਸੁਰੱਖਿਆ ਕੰਬਲ ਵਰਗਾ ਹੈ। ਮੇਰੇ ਵਰਗੇ ਲੋਕਾਂ, ਜਿਨ੍ਹਾਂ ਕੋਲ ਬਿਲਕੁਲ ਕੋਈ ਨਹੀਂ ਹੈ, ਲਈ ਇਹ ਜ਼ਬਰਦਸਤ ਹੈ।

-ਟੈਲੀ-ਟੱਚ ਕਲਾਇੰਟ

ਟੈਕਨਾਲੋਜੀ ਸਹਾਇਤਾ

ਟੈਕਨਾਲੋਜੀ ਅਸਿਸਟੈਂਸ ਪ੍ਰੋਗਰਾਮ (TAP)

ਤਿੰਨ ਮਹੀਨਿਆਂ ਤੱਕ ਹਫ਼ਤੇ ਵਿੱਚ ਇੱਕ ਵਾਰ ਟੈਬਲੈੱਟ ਦੀਆਂ ਮੂਲ ਗੱਲਾਂ, ਈਮੇਲ ਦੀ ਵਰਤੋਂ, ਟੈਕਸਟਿੰਗ ਅਤੇ ਵੀਡੀਓ ਕਾਲਾਂ, ਸੋਸ਼ਲ ਮੀਡੀਆ, ਔਨਲਾਈਨ ਸੁਰੱਖਿਆ, ਅਤੇ ਹੋਰ ਬਹੁਤ ਸਾਰੇ ਵਿਸ਼ਿਆਂ 'ਤੇ ਵਿਅਕਤੀਗਤ ਸਿਖਲਾਈ ਪ੍ਰਾਪਤ ਕਰੋ।

ਆਪਣੀ ਰਫ਼ਤਾਰ ਨਾਲ ਅੱਗੇ ਵਧੋ ਅਤੇ ਉਹ ਖਾਸ ਹੁਨਰ ਸਿੱਖੋ ਜੋ ਤੁਹਾਡੇ ਲਈ ਮਹੱਤਵਪੂਰਨ ਹਨ।

TAP ਖਾਸ ਤੌਰ 'ਤੇ 65 ਸਾਲ ਤੋਂ ਵੱਧ ਉਮਰ ਦੇ ਵਡੇਰੀ ਉਮਰ ਦੇ ਬਾਲਗਾਂ ਲਈ ਤਿਆਰ ਕੀਤਾ ਗਿਆ ਹੈ, ਅਤੇ ਇਹ ਓਨਟੈਰੀਓ ਟ੍ਰਿਲੀਅਮ ਫਾਊਂਡੇਸ਼ਨ ਦੇ ਸਮਰਥਨ ਦੁਆਰਾ ਮੁਫਤ ਪੇਸ਼ ਕੀਤਾ ਜਾਂਦਾ ਹੈ।

ਟੈਕ ਕੈਫ਼ੇ

ਸਾਡੇ ਟੈਕ ਕੈਫੇ ਵਡੇਰੀ ਉਮਰ ਦੇ ਬਾਲਗਾਂ ਨੂੰ ਮੁਫ਼ਤ ਡਰਾਪ-ਇਨ ਤਕਨੀਕੀ ਸਹਾਇਤਾ ਪ੍ਰਦਾਨ ਕਰਦੇ ਹਨ। ਸਿਖਲਾਈ ਪ੍ਰਾਪਤ ਵਲੰਟੀਅਰ ਤੁਹਾਨੂੰ ਤੁਹਾਡੀ ਡਿਵਾਈਸ ਨੂੰ ਨੈਵੀਗੇਟ ਕਰਨ, ਐਪਸ ਦੀ ਵਰਤੋਂ ਕਰਨ, ਟੈਕਸਟ ਕਰਨ, ਫੋਟੋਆਂ ਸਾਂਝੀਆਂ ਕਰਨ, ਈਮੇਲ, ਇੰਟਰਨੈਟ, ਔਨਲਾਈਨ ਸੁਰੱਖਿਆ ਅਤੇ ਹੋਰ ਬਹੁਤ ਕੁਝ ਵਿੱਚ ਮਦਦ ਕਰਨ ਲਈ ਇੱਕ-ਨਾਲ-ਇੱਕ ਸਹਾਇਤਾ ਪ੍ਰਦਾਨ ਕਰ ਸਕਦੇ ਹਨ।

ਆਉਣ ਵਾਲੀਆਂ ਤਾਰੀਖਾਂ ਅਤੇ ਸਥਾਨਾਂ ਨੂੰ ਦੇਖਣ ਲਈ ਸਾਡੀ ਵੈੱਬਸਾਈਟ 'ਤੇ ਜਾਓ।

ਹੌਸਪਿਸ ਅਤੇ ਸੋਗ

ਹੌਸਪਿਸ ਕੇਅਰ

ਜੀਵਨ ਨੂੰ ਸੀਮਤ ਕਰਨ ਵਾਲੀਆਂ ਬਿਮਾਰੀਆਂ ਵਾਲੇ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਭਾਵਨਾਤਮਕ, ਸਮਾਜਿਕ ਅਤੇ ਅਧਿਆਤਮਿਕ ਸਹਾਇਤਾ।

ਸਾਡੇ ਦੇਖਭਾਲ ਕਰਨ ਵਾਲੇ ਸਟਾਫ ਅਤੇ ਬਹੁਤ ਕੁਸ਼ਲ ਵਲੰਟੀਅਰਾਂ ਦੀ ਟੀਮ ਤੁਹਾਡੀ ਯਾਤਰਾ ਦੇ ਹਰ ਕਦਮ 'ਤੇ ਤੁਹਾਡੇ ਨਾਲ ਚੱਲੇਗੀ। ਅਸੀਂ ਸੁਣਾਂਗੇ, ਤੁਹਾਡੀਆਂ ਜ਼ਰੂਰਤਾਂ ਨੂੰ ਸਮਝਣ ਲਈ ਸਖ਼ਤ ਮਿਹਨਤ ਕਰਾਂਗੇ, ਤੁਹਾਡੀ ਅਤੇ ਤੁਹਾਡੇ ਪਰਿਵਾਰ ਦੀ ਸਹਾਇਤਾ ਕਰਾਂਗੇ, ਸਾਧਨ ਸਾਂਝੇ ਕਰਾਂਗੇ, ਅਤੇ ਤੁਹਾਡੀਆਂ ਜ਼ਰੂਰਤਾਂ ਬਦਲਣ ਦੇ ਨਾਲ ਤੁਹਾਨੂੰ ਵਾਧੂ ਕਮਿਊਨਿਟੀ ਸੇਵਾਵਾਂ ਲਈ ਜੋੜਾਂਗੇ।

ਸੋਗ ਸੰਬੰਧੀ ਸਹਾਇਤਾ

ਅਸੀਂ ਸਮਝਦੇ ਹਾਂ ਕਿ ਸੋਗ ਅਤੇ ਕਿਸੇ ਅਜ਼ੀਜ਼ ਦੀ ਮੌਤ ਦਾ ਅਨੁਭਵ ਕਰਨਾ ਕਿੰਨਾ ਔਖਾ ਹੋ ਸਕਦਾ ਹੈ।

ਇੱਕ-ਨਾਲ-ਇੱਕ ਸਹਾਇਤਾ

ਜੇਕਰ ਤੁਸੀਂ ਕਿਸੇ ਅਜ਼ੀਜ਼ ਦੀ ਮੌਤ ਨਾਲ ਸੰਘਰਸ਼ ਕਰ ਰਹੇ ਹੋ, ਤਾਂ ਤੁਹਾਨੂੰ ਇਕੱਲੇ ਸੰਘਰਸ਼ ਕਰਨ ਦੀ ਲੋੜ ਨਹੀਂ ਹੈ। ਸਾਡਾ ਸਟਾਫ਼ ਅਤੇ ਸਿਖਲਾਈ ਪ੍ਰਾਪਤ ਵਲੰਟੀਅਰ ਤੁਹਾਡੇ ਦੁੱਖ ਨੂੰ ਦੂਰ ਕਰਨ ਅਤੇ ਅੱਗੇ ਵਧਣ ਦਾ ਰਸਤਾ ਲੱਭਣ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ। ਮੁਲਾਕਾਤਾਂ ਤੁਹਾਡੇ ਘਰ ਵਿੱਚ ਜਾਂ ਕਿਸੇ ਹੋਰ ਆਪਸੀ ਤੌਰ 'ਤੇ ਸੁਵਿਧਾਜਨਕ ਸਥਾਨ 'ਤੇ ਹੋ ਸਕਦੀਆਂ ਹਨ।

ਸਪੋਰਟ ਗਰੁੱਪ

ਹੋਰ ਲੋਕਾਂ ਨੂੰ ਮਿਲੋ ਜਿਨ੍ਹਾਂ ਨੇ ਆਪਣੇ ਕਿਸੇ ਅਜ਼ੀਜ਼ ਨੂੰ ਗੁਆ ਦਿੱਤਾ ਹੈ ਅਤੇ ਸਾਡੇ ਸੋਗ ਸਹਾਇਤਾ ਸਮੂਹਾਂ ਵਿੱਚੋਂ ਇੱਕ ਵਿੱਚ ਆਪਣਾ ਅਨੁਭਵ ਸਾਂਝਾ ਕਰੋ। ਸਪੋਰਟ ਗਰੁੱਪ ਵਿਅਕਤੀਗਤ ਤੌਰ 'ਤੇ ਅਤੇ ਵਰਚੁਅਲ ਤੌਰ 'ਤੇ ਦੋਵੇਂ ਤਰ੍ਹਾਂ ਪੇਸ਼ ਕੀਤੇ ਜਾਂਦੇ ਹਨ। ਅਸੀਂ ਖਾਸ ਨੁਕਸਾਨ ਸੰਬੰਧੀ (ਪਤੀ/ਪਤਨੀ/ਸਾਥੀ ਦਾ ਨੁਕਸਾਨ, ਬਾਲਗ ਬੱਚੇ ਦਾ ਨੁਕਸਾਨ) ਅਤੇ ਮਿਸ਼ਰਤ ਨੁਕਸਾਨ ਸੰਬੰਧੀ ਸਮੂਹ ਦੋਵੇਂ ਪੇਸ਼ ਕਰਦੇ ਹਾਂ। ਹੋਰ ਜਾਣਕਾਰੀ ਲਈ ਸਾਡੀ ਵੈੱਬਸਾਈਟ ਵੇਖੋ।

ਵੈਲਨੇਸ ਸਹਾਇਤਾ

ਆਪਣੇ ਅੰਦਰ ਸ਼ਾਂਤੀ ਲਈ ਜਗ੍ਹਾ ਬਣਾਓ। ਸਾਡੀਆਂ ਵੈਲਨੇਸ ਸਹਾਇਤਾਵਾਂ, ਦਰਦ, ਤਣਾਅ ਅਤੇ ਚਿੰਤਾ ਨੂੰ ਘਟਾਉਂਦੇ ਹੋਏ ਤੁਹਾਡੀ ਸਮੁੱਚੀ ਤੰਦਰੁਸਤੀ ਵਿੱਚ ਸੁਧਾਰ ਕਰਨ ਵਿੱਚ ਸਹਾਇਤਾ ਕਰ ਸਕਦੀਆਂ ਹਨ।

ਸੇਵਾਵਾਂ ਵਿੱਚ ਸ਼ਾਮਲ ਹਨ:

- ਰੇਕੀ ਅਤੇ ਥੈਰੇਪੀਉਟਿਕ ਟੱਚ® (Therapeutic Touch®)
- ਮਾਇੰਡਫੁੱਲਨੇਸ ਅਤੇ ਧਿਆਨ
- ਵੈਲਨੇਸ ਸਿੱਖਿਆ
- ਇੱਕ-ਨਾਲ-ਇੱਕ ਵੈਲਨੇਸ ਸਲਾਹ-ਮਸ਼ਵਰਾ
- ਘਰ ਵਿੱਚ ਮਿਊਜ਼ਿਕ ਥੈਰੇਪੀ

ਡਿਮੇਨਸ਼ੀਆ ਜਾਂ ਜੀਵਨ ਨੂੰ ਸੀਮਤ ਕਰਨ ਵਾਲੀ ਬਿਮਾਰੀ ਵਾਲੇ ਵਿਅਕਤੀਆਂ, ਸੋਗ ਕਰਨ ਵਾਲੇ ਲੋਕਾਂ ਅਤੇ ਬਹੁਤ ਜ਼ਿਆਦਾ ਤਣਾਅ ਦਾ ਅਨੁਭਵ ਕਰਨ ਦੇਖਭਾਲ ਕਰਨ ਵਾਲਿਆਂ ਲਈ ਉਪਲਬਧ।

ਡਿੱਗਣ ਦੀ ਰੋਕਥਾਮ

ਹੋਮ ਸਪੋਰਟ ਕਸਰਤ ਪ੍ਰੋਗਰਾਮ

ਇਹ ਘਰ ਵਿੱਚ 12-ਹਫ਼ਤਿਆਂ ਦਾ ਪ੍ਰੋਗਰਾਮ ਵਡੇਰੀ ਉਮਰ ਦੇ ਉਨ੍ਹਾਂ ਬਾਲਗਾਂ ਲਈ ਮਾਪਣ ਯੋਗ ਨਤੀਜੇ ਦਿੰਦਾ ਹੈ ਜੋ ਕਮਿਊਨਿਟੀ ਕਸਰਤ ਕਲਾਸ ਵਿੱਚ ਸ਼ਾਮਲ ਨਹੀਂ ਹੋ ਸਕਦੇ।

ਵਡੇਰੀ ਉਮਰ ਦੇ ਉਨ੍ਹਾਂ ਕਮਜ਼ੋਰ ਬਾਲਗਾਂ ਲਈ ਆਦਰਸ਼ ਹੈ ਜੋ ਘਰ ਵਿਚ ਕਸਰਤ ਕਰਕੇ ਆਪਣੀ ਤਾਕਤ, ਸੰਤੁਲਨ, ਗਤੀਸ਼ੀਲਤਾ ਅਤੇ ਸਹਿਣਸ਼ੀਲਤਾ ਵਿਚ ਸੁਧਾਰ ਕਰਨਾ ਚਾਹੁੰਦੇ ਹਨ।

ਕਮਿਊਨਿਟੀ ਕਸਰਤ ਕਲਾਸਾਂ

ਪੂਰੇ ਹਾਲਟਨ ਵਿੱਚ ਮੁਫ਼ਤ ਕਮਿਊਨਿਟੀ ਕਸਰਤ ਕਲਾਸਾਂ ਜੋ ਖਾਸ ਤੌਰ 'ਤੇ ਵਡੇਰੀ ਉਮਰ ਦੇ ਬਾਲਗਾਂ ਲਈ ਤਿਆਰ ਕੀਤੀਆਂ ਗਈਆਂ ਹਨ।

ਆਪਣੀ ਤਾਕਤ, ਸੰਤੁਲਨ ਅਤੇ ਸਹਿਣਸ਼ੀਲਤਾ ਵਿੱਚ ਸੁਧਾਰ ਕਰਕੇ ਆਪਣੇ ਡਿੱਗਣ ਦੇ ਜੋਖਮ ਨੂੰ ਘਟਾਓ।

ਕਲਾਸਾਂ ਲਾਈਫਮਾਰਕ ਸੀਨੀਅਰਜ਼ ਵੈਲਨੇਸ ਨਾਲ ਸਾਂਝੇਦਾਰੀ ਵਿੱਚ ਪੇਸ਼ ਕੀਤੀਆਂ ਜਾਂਦੀਆਂ ਹਨ। ਸਾਈਨ ਅੱਪ ਕਰਨ ਜਾਂ ਹੋਰ ਜਾਣਨ ਲਈ, ਕਿਰਪਾ ਕਰਕੇ ਲਾਈਫਮਾਰਕ ਸੀਨੀਅਰਜ਼ ਵੈਲਨੇਸ ਨਾਲ 1-877-696-1620 'ਤੇ ਸੰਪਰਕ ਕਰੋ।

> **ਇਹ ਉਡੀਕ ਕਰਨ ਲਈ ਬਹੁਤ ਵੱਡੀ ਗੱਲ ਹੈ। ਬੇਸ਼ੱਕ, ਮੈਂ ਆਪਣੇ ਆਪ ਬਹੁਤ ਕੁਝ ਪ੍ਰਬੰਧਿਤ ਕਰ ਸਕਦਾ ਹਾਂ, ਪਰ ਫਿਰ ਵੀ, ਪ੍ਰੋਗਰਾਮ ਤੋਂ ਬਿਨਾਂ, ਹਨੇਰਾ ਹੋਵੇਗਾ। ਹੋਮ ਸਪੋਰਟ ਕਸਰਤ ਪ੍ਰੋਗਰਾਮ ਹੋਣਾ ਪ੍ਰਮਾਤਮਾ ਦੀ ਦਾਤ ਹੈ!**
>
> - ਕਲਾਇੰਟ ਦੀ ਦੇਖਭਾਲ ਕਰਨ ਵਾਲਾ

ਸਾਡੇ ਨਾਲ ਵਲੰਟੀਅਰ ਕਰੋ

ਸ਼ਾਮਲ ਹੋਵੋ

ਕਿਸੇ ਦੇ ਜੀਵਨ ਵਿੱਚ ਫਰਕ ਲਿਆਉਣ ਦੀ ਖੁਸ਼ੀ ਦਾ ਅਨੁਭਵ ਕਰੋ!

ਸਾਡੇ ਕੋਲ ਲਗਭਗ ਕਿਸੇ ਵੀ ਸ਼ੈਡਿਊਲ ਲਈ ਅਰਥਪੂਰਨ ਵਲੰਟੀਅਰ ਮੌਕੇ ਹਨ।

ਹੋਰ ਜਾਣਕਾਰੀ ਅਤੇ ਉਪਲਬਧ ਅਹੁਦਿਆ ਦੀ ਸੂਚੀ ਲਈ ਇੱਥੇ ਜਾਓ:

ਵਲੰਟੀਅਰ ਕਰਨ ਲਈ ਸਕੈਨ ਕਰੋ

www.acclaimhealth.ca/volunteer

volunteering@acclaimhealth.ca

1-800-387-7127 ਐਕਸਟੈਂਸ਼ਨ 2305

905-827-8800 ਐਕਸਟੈਂਸ਼ਨ 2305

ਦਾਨ ਕਰੋ

ਆਪਣੇ ਭਾਈਚਾਰੇ ਦੀ ਸਿਹਤ ਵਿਚ ਨਿਵੇਸ਼ ਕਰੋ। ਅੱਜ ਦੇਣ ਨਾਲ, ਤੁਹਾਡਾ ਦਾਨ:

- ਘਰ ਵਿੱਚ ਸਹਾਇਤਾ ਦੀ ਲੋੜ ਵਾਲੇ ਲੋਕਾਂ ਦੀ ਆਜ਼ਾਦੀ ਨੂੰ ਬਣਾਈ ਰੱਖੇਗਾ
- ਵੱਧ ਰਹੀ ਉਮਰ ਵਾਲੇ ਪਰਿਵਾਰਕ ਮੈਂਬਰ ਦੀ ਦੇਖਭਾਲ ਕਰ ਰਹੇ ਲੋਕਾ ਲਈ ਰਾਹਤ ਪ੍ਰਦਾਨ ਕਰੇਗਾ
- ਕਿਸੇ ਦੇ ਅੰਤਮ ਦਿਨਾਂ ਨੂੰ ਥੋੜ੍ਹਾ ਸੌਖਾ ਬਣਾਏਗਾ

ਦਾਨ ਕਰਨ ਲਈ ਸਕੈਨ ਕਰੋ

www.acclaimhealth.ca/donate 'ਤੇ ਔਨਲਾਈਨ ਦਾਨ ਕਰੋ ਜਾਂ **905-827-8800** ਐਕਸਟੈਂਸ਼ਨ **2043** 'ਤੇ ਕਾਲ ਕਰੋ।

Acclaim Health

ਚੈਰੀਟੇਬਲ ਰਜਿਸਟ੍ਰੇਸ਼ਨ ਨੰਬਰ
#11928 4602 RR0001

@acclaimhealth

www.acclaimhealth.ca

(905) 827-8800
1-800-387-7127
ਫੈਕਸ: (905) 827-3390

2370 Speers Rd
Oakville, ON
L6L 5M2

ਇੰਨ੍ਹਾਂ ਦੁਆਰਾ ਮਾਨਤਾ ਪ੍ਰਾਪਤ:

STRONG CHARITIES. STRONG COMMUNITIES. IMAGINE CANADA — ACCREDITED SINCE 2015

ACCREDITED WITH EXEMPLARY STANDING — ACCREDITATION AGRÉMENT CANADA

ਕੁਝ ਹਿੱਸਾ ਇੰਨ੍ਹਾਂ ਦੁਆਰਾ ਫੰਡ ਕੀਤਾ ਗਿਆ:

Ontario

United Way Halton & Hamilton

ਐਕਲੇਮ ਹੈਲਥ ਓਨਟੈਰੀਓ ਹੈਲਥ ਐਟਹੋਮ ਮਿਸੀਸਾਗਾ ਹਾਲਟਨ (MH) ਅਤੇ ਓਨਟੈਰੀਓ ਹੈਲਥ ਐਟਹੋਮ ਹੈਮਿਲਟਨ ਨਿਆਗਰਾ ਹੈਲਦੀਮੈਂਡ ਬ੍ਰੈਂਟ (HNHB) ਨਾਲ ਉਨ੍ਹਾਂ ਦੇ ਪ੍ਰੋਗਰਾਮਾਂ ਅਤੇ ਸੇਵਾ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ ਇਕਰਾਰਨਾਮੇ ਅਧੀਨ ਨਰਸਿੰਗ ਅਤੇ ਨਿੱਜੀ ਸਹਾਇਤਾ ਸੇਵਾਵਾਂ ਪ੍ਰਦਾਨ ਕਰਦਾ ਹੈ। ਪ੍ਰਗਟਾਏ ਗਏ ਵਿਚਾਰ ਐਕਲੇਮ ਹੈਲਥ ਦੇ ਹਨ ਅਤੇ ਜ਼ਰੂਰੀ ਤੌਰ ‘ਤੇ MH, HNHB, ਓਨਟੈਰੀਓ ਹੈਲਥ ਜਾਂ ਓਨਟੈਰੀਓ ਸਰਕਾਰ ਦੇ ਵਿਚਾਰਾਂ ਨੂੰ ਨਹੀਂ ਦਰਸਾਉਂਦੇ ਹਨ।

GEN 07/25